Punjab Government Gazette

EXTRAORDINARY

Published by Authority

CHANDIGARH, THURSDAY, MARCH 5, 2026
(PHALGUNA 14, 1947 SAKA)

ਵਿਧਾਨਕ ਅਨੁਪੂਰਕ

	ਮਜ਼ਮੂਨ	ਪੰਨੇ
ਭਾਗ I	**ਐਕਟ**	
	1. ਪੂਰਬੀ ਪੰਜਾਬ ਯੁੱਧ ਇਨਾਮ ਐਕਟ, 1948 (1948 ਦਾ ਪੂਰਬੀ ਪੰਜਾਬ ਐਕਟ ਨੰ. 22)	... 255-260
	2. ਪੰਜਾਬ ਮੋਟਰ ਟਰਾਂਸਪੋਰਟ ਗੱਡੀ (ਟੋਲ) ਐਕਟ, 1992 (1993 ਦਾ ਪੰਜਾਬ ਐਕਟ ਨੰ. 9)	... 261-265
ਭਾਗ II	**ਆਰਡੀਨੈਂਸ**	
	ਕੋਈ ਨਹੀਂ	
ਭਾਗ III	**ਅਧੀਨ ਵਿਧਾਨਕਾਰੀ**	
	ਕੋਈ ਨਹੀਂ	
ਭਾਗ IV	**ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ**	
	ਕੋਈ ਨਹੀਂ	

ਭਾਗ –1

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 5 ਮਾਰਚ, 2026

ਨੰ: 21/ਭ.ਕ./2026.– ਪੂਰਬੀ ਪੰਜਾਬ ਯੁੱਧ ਇਨਾਮ ਐਕਟ, 1948 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6–ਉ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

NOTIFICATION

The 5th March, 2026

No. 21/L.C./2026.- The Translation in Punjabi of the East Punjab War Awards Act, 1948 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

ਪੂਰਬੀ ਪੰਜਾਬ ਯੁੱਧ ਇਨਾਮ ਐਕਟ, 1948

(1948 ਦਾ ਪੂਰਬੀ ਪੰਜਾਬ ਐਕਟ ਨੰ: 22)

ਉਨ੍ਹਾਂ ਮਾਪਿਆਂ ਨੂੰ, ਜਿਨ੍ਹਾਂ ਦੇ ਤਿੰਨ ਜਾਂ ਵੱਧ ਬੱਚੇ ਹਾਲ ਹੀ ਵਿੱਚ ਦੂਜੇ ਵਿਸ਼ਵ ਯੁੱਧ ਦੌਰਾਨ ਹਿਜ਼ ਮੈਜੈਸਟੀ ਦੀਆਂ ਸੈਨਾਵਾਂ ਵਿੱਚ ਸੇਵਾ ਲਈ ਭਰਤੀ ਜਾਂ ਕਮਿਸ਼ਨਡ ਹੋਏ ਸਨ, ਜਾਗੀਰਾਂ ਦੇਣ ਲਈ ਪੰਜਾਬ ਸਰਕਾਰ ਨੂੰ ਸ਼ਕਤੀ ਦੇਣ ਲਈ ਇੱਕ ਐਕਟ।

ਇੱਥੇ ਹੇਠ–ਲਿਖੇ ਅਨੁਸਾਰ ਇਹ ਐਕਟ ਬਣੇ:–

ਸੰਖੇਪ ਨਾਂ ਅਤੇ ਅਰੰਭ।

1. (1) ਇਸ ਐਕਟ ਨੂੰ ਪੂਰਬੀ ਪੰਜਾਬ ਯੁੱਧ ਇਨਾਮ ਐਕਟ, 1948 ਕਿਹਾ ਜਾ ਸਕੇਗਾ।

(2) ਇਹ ਤੁਰੰਤ ਨਾਫ਼ਜ਼ ਹੋਵੇਗਾ, ਅਤੇ ਉਨ੍ਹਾਂ ਰਾਜ ਖੇਤਰਾਂ ਤੇ ਲਾਗੂ ਹੋਣ ਵਿੱਚ ਜੋ 1 ਨਵੰਬਰ, 1956, ਤੋਂ ਤੁਰੰਤ ਪਹਿਲਾਂ ਪਟਿਆਲਾ ਅਤੇ ਪੂਰਬੀ ਪੰਜਾਬ ਰਾਜ ਸੰਘ ਦੇ ਰਾਜ ਵਿੱਚ ਸ਼ਾਮਲ ਸਨ, ਇਹ 28 ਅਗਸਤ, 1948 ਨੂੰ ਨਾਫ਼ਜ਼ ਹੋਇਆ ਸਮਝਿਆ ਜਾਵੇਗਾ।

ਪਰਿਭਾਸ਼ਾਵਾਂ।

2. ਇਸ ਐਕਟ ਵਿੱਚ, ਜੇਕਰ ਵਿਸ਼ੇ ਜਾਂ ਪ੍ਰਸੰਗ ਵਿੱਚ ਕੋਈ ਗੱਲ ਵਿਰੁੱਧ ਨ ਹੋਵੇ–

(ੳ) "ਪਾਤਰ ਵਿਅਕਤੀ" ਦਾ ਮਤਲਬ ਹੈ–

(i) ਸਾਧਾਰਨ ਤੌਰ ਤੇ ਪੰਜਾਬ ਰਾਜ ਵਿੱਚ ਰਹਿ ਰਿਹਾ ਭਾਰਤ ਦਾ ਇੱਕ ਨਾਗਰਿਕ ਜੋ ਤਿੰਨ ਜਾਂ ਵੱਧ ਬੱਚਿਆਂ ਦਾ ਪਿਤਾ ਹੈ, ਜਾਂ ਜਿੱਥੇ ਪਿਤਾ ਦੀ ਮੌਤ ਹੋ ਚੁੱਕੀ ਹੈ, ਮਾਂ ਹੈ, ਜੋ ਭਾਰਤ ਦੇ ਸੰਵਿਧਾਨ ਦੇ ਅਨੁਛੇਦ 352 ਦੇ ਅਧੀਨ ਭਾਰਤ ਦੇ

ਰਾਸ਼ਟਰਪਤੀ ਦੁਆਰਾ 26 ਅਕਤੂਬਰ, 1962 ਨੂੰ ਐਲਾਨ ਕੀਤੇ ਸੰਕਟ ਦੌਰਾਨ ਸੰਘ ਦੀਆਂ ਸ਼ਸਤਰਧਾਰੀ ਸੈਨਾਵਾਂ ਵਿੱਚ ਸੇਵਾ ਕਰ ਰਹੇ ਹਨ ਜਾਂ ਕਰ ਚੁੱਕੇ ਹਨ, ਪਰ ਇਸ ਵਿੱਚ ਉਹ ਵਿਅਕਤੀ ਸ਼ਾਮਲ ਨਹੀਂ ਹੈ ਜਿਸ ਨੇ ਅਜਿਹੇ ਕਾਰਨ ਕਰਕੇ ਪਹਿਲਾਂ ਹੀ ਸਰਕਾਰ ਤੋਂ ਭੋਂ ਗ੍ਰਾਂਟ ਜਾਂ ਹੋਰ ਇਨਾਮ ਪ੍ਰਾਪਤ ਕਰ ਲਿਆ ਹੈ; ਜਾਂ

(iਓ) ਸਾਧਾਰਨ ਤੌਰ ਤੇ ਪੰਜਾਬ ਰਾਜ ਵਿੱਚ ਰਹਿ ਰਿਹਾ ਭਾਰਤ ਦਾ ਇੱਕ ਨਾਗਰਿਕ ਜੋ ਇਕਲੌਤੇ ਪੁੱਤਰ ਜਾਂ ਇਕਲੌਤੇ ਬੱਚੇ ਦਾ ਪਿਤਾ ਹੈ, ਜਾਂ ਜਿੱਥੇ ਪਿਤਾ ਦੀ ਮੌਤ ਹੋ ਚੁੱਕੀ ਹੈ, ਮਾਂ ਹੈ, ਜੋ ਭਾਰਤ ਦੇ ਸੰਵਿਧਾਨ ਦੇ ਅਨੁਛੇਦ 352 ਦੇ ਅਧੀਨ ਭਾਰਤ ਦੇ ਰਾਸ਼ਟਰਪਤੀ ਦੁਆਰਾ 26 ਅਕਤੂਬਰ, 1962 ਨੂੰ ਐਲਾਨ ਕੀਤੇ ਸੰਕਟ ਦੌਰਾਨ ਸੰਘ ਦੀਆਂ ਸ਼ਸਤਰਧਾਰੀ ਸੈਨਾਵਾਂ ਵਿੱਚ ਸੇਵਾ ਕਰ ਰਿਹਾ ਹੈ ਜਾਂ ਕਰ ਚੁੱਕਾ ਹੈ, ਪਰ ਇਸ ਵਿੱਚ ਉਹ ਵਿਅਕਤੀ ਸ਼ਾਮਲ ਨਹੀਂ ਹੈ ਜਿਸ ਨੇ ਅਜਿਹੇ ਕਾਰਨ ਕਰਕੇ ਪਹਿਲਾਂ ਹੀ ਸਰਕਾਰ ਤੋਂ ਭੋਂ ਗ੍ਰਾਟ ਜਾਂ ਹੋਰ ਇਨਾਮ ਪ੍ਰਾਪਤ ਕਰ ਲਿਆ ਹੈ; ਜਾਂ

(iਅ) ਸਾਧਾਰਨ ਤੌਰ ਤੇ ਪੰਜਾਬ ਰਾਜ ਵਿੱਚ ਰਹਿ ਰਿਹਾ ਭਾਰਤ ਦਾ ਇੱਕ ਨਾਗਰਿਕ ਜੋ ਕੇਵਲ ਦੋ ਬੱਚਿਆਂ ਦਾ ਪਿਤਾ ਹੈ, ਜਾਂ ਜਿੱਥੇ ਪਿਤਾ ਦੀ ਮੌਤ ਹੋ ਚੁੱਕੀ ਹੈ, ਮਾਂ ਹੈ, ਜੋ ਦੋਵੇਂ ਭਾਰਤ ਦੇ ਸੰਵਿਧਾਨ ਦੇ ਅਨੁਛੇਦ 352 ਦੇ ਅਧੀਨ ਭਾਰਤ ਦੇ ਰਾਸ਼ਟਰਪਤੀ ਦੁਆਰਾ 26 ਅਕਤੂਬਰ, 1962 ਨੂੰ ਐਲਾਨ ਕੀਤੇ ਸੰਕਟ ਦੌਰਾਨ ਸੰਘ ਦੀਆਂ ਸ਼ਸਤਰਧਾਰੀ ਸੈਨਾਵਾਂ ਵਿੱਚ ਸੇਵਾ ਕਰ ਰਹੇ ਹਨ ਜਾਂ ਕੀਤੀ ਹੈ, ਪਰ ਇਸ ਵਿੱਚ ਉਹ ਵਿਅਕਤੀ ਸ਼ਾਮਲ ਨਹੀਂ ਹੈ ਜਿਸ ਨੇ ਅਜਿਹੇ ਕਾਰਨ ਕਰਕੇ ਸਰਕਾਰ ਤੋਂ ਪਹਿਲਾਂ ਹੀ ਭੋਂ ਗ੍ਰਾਟ ਜਾਂ ਹੋਰ ਇਨਾਮ ਪ੍ਰਾਪਤ ਕਰ ਲਿਆ ਹੈ; ਜਾਂ

(ii) ਇੱਕ ਵਿਅਕਤੀ ਜੋ ਹੁਣ ਭਾਰਤ ਦਾ ਨਾਗਰਿਕ ਹੈ ਅਤੇ ਜੋ–

(ਓ) ਅਗਸਤ, 1947 ਦੇ ਪੰਦਰਵੇਂ ਦਿਨ ਤੋਂ ਤੁਰੰਤ ਪਹਿਲਾਂ ਸਾਧਾਰਨ ਤੌਰ ਤੇ ਅਣਵੰਡੇ ਪੰਜਾਬ ਵਿੱਚ ਰਹਿੰਦਾ ਸੀ, ਜਾਂ

(ਅ) 20 ਅਗਸਤ, 1948 ਤੋਂ ਤੁਰੰਤ ਪਹਿਲਾਂ, ਸਾਧਾਰਨ ਤੌਰ ਤੇ ਉਨ੍ਹਾਂ ਰਾਜ-ਖੇਤਰਾਂ ਵਿੱਚ ਰਹਿੰਦਾ ਸੀ ਜੋ ਉਸ

ਤਰੀਕ ਨੂੰ ਪਟਿਆਲਾ ਅਤੇ ਪੂਰਬੀ ਪੰਜਾਬ ਰਾਜ ਸੰਘ ਦਾ ਰਾਜ ਬਣੇ ਸਨ,

ਅਤੇ ਜੋ ਤਿੰਨ ਜਾਂ ਵੱਧ ਬੱਚਿਆ ਜਾਂ ਪਿਤਾ ਹੈ, ਜਾਂ ਜਿੱਥੇ ਪਿਤਾ ਦੀ ਮੌਤ ਹੋ ਗਈ ਹੈ, ਮਾਂ ਹੈ, ਜੋ ਕਿਸੇ ਵੀ ਸਮੇਂ ਹਿਜ਼ ਮੈਜੈਸਟੀ ਦੀ ਜਲ, ਥਲ ਜਾਂ ਹਵਾਈ ਸੈਨਾਵਾਂ ਵਜੋਂ ਹਵਾਲਾ ਦਿੱਤੀਆਂ ਜਾਂ ਉਪਰੋਕਤ ਰਾਜ-ਖੇਤਰਾਂ ਵਿੱਚ ਸ਼ਾਮਲ ਕਿਸੇ ਵੀ ਭਾਰਤੀ ਰਾਜਾਂ ਦੁਆਰਾ ਕਾਇਮ ਰੱਖੀਆਂ ਸੈਨਾਵਾਂ ਵਿੱਚ ਭਰਤੀ ਜਾਂ ਕਮਿਸ਼ਨਡ ਕੀਤਾ ਗਿਆ ਸੀ ਅਤੇ ਜੋ ਜਿੱਥੇ ਵੀ ਲੋੜ ਹੋਵੇ ਸੇਵਾ ਕਰਨ ਲਈ ਉੱਤਰਦਾਈ ਸਨ ਅਤੇ ਅਸਲ ਵਿੱਚ ਦੂਜੇ ਵਿਸ਼ਵ ਯੁੱਧ ਦੌਰਾਨ ਉਕਤ ਸੈਨਾਵਾਂ ਵਿੱਚੋਂ ਕਿਸੇ ਵਿੱਚ ਵੀ ਸੇਵਾ ਕੀਤੀ ਹੈ, ਪਰ ਇਸ ਵਿੱਚ ਉਹ ਵਿਅਕਤੀ ਸ਼ਾਮਲ ਨਹੀਂ ਹੈ ਜਿਸ ਨੇ ਅਜਿਹੇ ਕਾਰਨ ਕਰਕੇ ਪਹਿਲਾਂ ਹੀ ਅਣਵੰਡੇ ਪੰਜਾਬ ਦੀ ਸਰਕਾਰ ਜਾਂ ਉਪਰੋਕਤ ਵਜੋਂ ਬਣਾਏ ਗਏ ਰਾਜ-ਖੇਤਰਾਂ ਦੀ ਸਰਕਾਰ ਜਾਂ ਅਜਿਹੇ ਰਾਜ-ਖੇਤਰਾਂ ਵਿੱਚ ਸ਼ਾਮਲ ਕਿਸੇ ਭਾਰਤੀ ਰਾਜ ਜਾਂ ਪੰਜਾਬ ਸਰਕਾਰ ਤੋਂ ਭੋਂ ਗ੍ਰਾਂਟ ਜਾਂ ਹੋਰ ਇਨਾਮ ਪ੍ਰਾਪਤ ਕਰ ਲਿਆ ਹੈ;

(ਅ) "ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ;

(ਏ) "ਯੁੱਧ ਜਾਗੀਰ" ਦਾ ਮਤਲਬ ਹੈ ਇਸ ਐਕਟ ਅਧੀਨ ਗ੍ਰਾਂਟ ਕੀਤੀ ਜਾਗੀਰ;

(ਸ) ਇਸ ਐਕਟ ਵਿੱਚ ਵਰਤੇ ਗਏ ਪਰ ਪਰਿਭਾਸ਼ਤ ਨਾ ਕੀਤੇ ਗਏ ਪਦਾਂ ਦਾ ਉਹੀ ਮਤਲਬ ਹੈ ਜੋ ਪੰਜਾਬ ਜਾਗੀਰਾਂ ਐਕਟ, 1941 ਵਿੱਚ ਹੈ। 1941 ਦਾ ਪੰਜਾਬ ਐਕਟ V

ਯੁੱਧ ਜਾਗੀਰ ਦੀ ਸਿਰਜਣਾ।

3. (1) ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸਰਕਾਰ ਕੋਲ ਕਿਸੇ ਵਿਅਕਤੀ ਨੂੰ-

(ੳ) ਵੀਹ ਹਜਾਰ ਰੁਪਏ ਸਲਾਨਾ, ਜੇ ਉਹ ਧਾਰਾ 2 ਦੇ ਖੰਡ (ੳ) ਦੇ ਉਪ-ਖੰਡਾਂ (i), (iੳ), ਜਾਂ (iਅ) ਦੇ ਅਰਥਾਂ ਦੇ ਅੰਦਰ ਇੱਕ ਪਾਤਰ ਵਿਅਕਤੀ ਹੈ;

(ਅ) ਇੱਕ ਸੌ ਰੁਪਏ ਸਲਾਨਾ, ਜੇ ਉਹ ਧਾਰਾ 2 ਦੇ ਖੰਡ (ੳ) ਦੇ ਉਪ-ਖੰਡ (ii) ਦੇ ਅਰਥਾਂ ਦੇ ਅੰਦਰ ਇੱਕ ਪਾਤਰ ਵਿਅਕਤੀ ਹੈ,

ਦੇ ਮੁੱਲ ਦੀ ਯੁੱਧ ਜਾਗੀਰ ਦੇਣ ਦੀ ਸ਼ਕਤੀ ਹੋਵੇਗੀ:

ਪ੍ਰੰਤੂ ਜੇ ਪਾਤਰ ਵਿਅਕਤੀ ਦੇ-

(i) ਧਾਰਾ 2 ਦੇ ਖੰਡ (ਓ) ਦੇ ਉਪ-ਖੰਡ (i) ਦੇ ਅਰਥ ਅੰਦਰ ਤਿੰਨ ਤੋਂ ਵੱਧ ਬੱਚੇ ਹਨ ਜਿਨ੍ਹਾਂ ਨੇ ਉਕਤ ਉਪ-ਖੰਡ ਵਿੱਚ ਹਵਾਲੇ ਦਿੱਤੇ ਤਰੀਕੇ ਨਾਲ ਸੇਵਾ ਕੀਤੀ ਹੈ ਜਾਂ ਕਰ ਰਹੇ ਹਨ, ਤਾਂ ਤਿੰਨ ਤੋਂ ਵੱਧ ਅਜਿਹੇ ਹਰੇਕ ਬੱਚੇ ਲਈ ਸਲਾਨਾ ਪੰਜਾਹ ਰੁਪਏ ਦੀ ਵਾਧੂ ਰਕਮ ਦਿੱਤੀ ਜਾ ਸਕੇਗੀ;

(ii) ਧਾਰਾ 2 ਦੇ ਖੰਡ (ਓ) ਦੇ ਉਪ-ਖੰਡ (ii) ਦੇ ਅਰਥ ਅੰਦਰ ਤਿੰਨ ਤੋਂ ਵੱਧ ਬੱਚੇ ਹਨ ਜੋ ਭਰਤੀ ਅਤੇ ਕਮਿਸ਼ਨਡ ਸਨ ਅਤੇ ਸੇਵਾ ਕਰਨ ਲਈ ਉੱਤਰਦਾਈ ਸਨ ਅਤੇ ਅਸਲ ਵਿੱਚ ਉਕਤ ਉਪ-ਖੰਡ ਵਿੱਚ ਹਵਾਲਾ ਦਿੱਤੇ ਤਰੀਕੇ ਨਾਲ ਸੇਵਾ ਕਰ ਚੁੱਕੇ ਹਨ, ਤਾਂ ਤਿੰਨ ਤੋਂ ਵੱਧ ਅਜਿਹੇ ਹਰੇਕ ਬੱਚੇ ਲਈ ਸਲਾਨਾ ਦਸ ਰੁਪਏ ਦੀ ਵਾਧੂ ਰਕਮ ਦਿੱਤੀ ਜਾ ਸਕੇਗੀ:

ਪ੍ਰੰਤੂ ਇਹ ਹੋਰ ਕਿ ਧਾਰਾ 2 ਦੇ ਖੰਡ (ਓ) ਦੇ ਉਪ-ਖੰਡ (i) ਦੇ ਅਧੀਨ ਯੁੱਧ ਜਾਗੀਰ ਦੇਣ ਲਈ ਕਿਸੇ ਵਿਅਕਤੀ ਦੀ ਪਾਤਰਤਾ ਨਿਰਧਾਰਤ ਕਰਨ ਦੇ ਪ੍ਰਯੋਜਨ ਲਈ, ਅਜਿਹੇ ਵਿਅਕਤੀ ਦੇ ਕਿਸੇ ਬੱਚੇ ਨੂੰ ਧਿਆਨ ਵਿੱਚ ਨਹੀਂ ਰੱਖਿਆ ਜਾਵੇਗਾ ਜਿਸ ਨੇ ਉਸ ਨੂੰ ਪਹਿਲਾਂ ਹੀ ਉਸ ਖੰਡ ਦੇ ਉਪ-ਖੰਡ (ii) ਦੇ ਅਧੀਨ ਯੁੱਧ ਜਾਗੀਰ ਦੇਣ ਲਈ ਪਾਤਰ ਬਣਾਇਆ ਹੈ।

(2) ਇੱਕ ਯੁੱਧ ਜਾਗੀਰ ਇੱਕ ਉਲਿਖਤ ਖੇਤਰ ਤੋਂ ਪੈਦਾ ਹੋਣ ਵਾਲੇ ਭੋਂ ਮਾਲੀਏ ਦੇ ਪੂਰੇ ਜਾਂ ਭਾਗ 'ਤੇ ਸਲਾਨਾ ਭਾਰਿਤ ਕੀਤੀ ਜਾਣ ਵਾਲੀ ਮੁਨਾਸਬ ਰਕਮ ਦੀ ਸਪੁਰਦਗੀ ਜਾਂ ਅਜਿਹੀ ਅਦਾਇਗੀਯੋਗ ਰਕਮ ਦੀ ਗ੍ਰਾਂਟ ਲਈ ਉਪਬੰਧ ਕਰੇਗੀ ਅਤੇ

ਯੁੱਧ ਜਾਗੀਰ ਦੀ ਰਕਮ, ਭੋਂ ਮਾਲੀਏ ਦੀ ਉਗਰਾਹੀ ਦੇ ਕਾਰਨ ਅਜਿਹੀਆਂ ਕਟੌਤੀਆਂ ਦੇ ਤਾਬੇ, ਜਿਵੇਂ ਸਰਕਾਰ ਨਿਰਦੇਸ਼ ਦੇ ਸਕਦੀ ਹੈ, ਇਸ ਗੱਲ ਦੇ ਹੁੰਦਿਆਂ ਹੋਇਆਂ ਵੀ ਕਿ ਉਲਿਖਤ ਖੇਤਰ ਲਈ ਭੋਂ ਮਾਲੀਆ ਮੁਅੱਤਲ ਜਾਂ ਮਾਫ਼ ਕਰ ਦਿੱਤਾ ਗਿਆ ਹੋਵੇ, ਅਦਾਇਗੀਯੋਗ ਹੋਵੇਗੀ।

ਯੁੱਧ ਜਾਗੀਰ ਦੀ ਅਉਧ।

4. ਇੱਕ ਯੁੱਧ ਜਾਗੀਰ, ਜਦੋਂ ਤੱਕ ਧਾਰਾ 5 ਅਧੀਨ ਅਰੋਪੀ ਗਈ ਕਿਸੇ ਸ਼ਰਤ ਨੂੰ ਭੰਗ ਕਰਨ ਲਈ ਪੂਰਨ ਤੌਰ ਤੇ ਜਾਂ ਅੰਸ਼ਕ ਤੌਰ ਤੇ ਸਮਾਪਤ ਨਹੀਂ ਕੀਤੀ ਜਾਂਦੀ, ਗਰਾਂਟੀ ਦੇ ਜੀਵਨ ਕਾਲ ਲਈ ਧਾਰਣਯੋਗ ਰਹੇਗੀ, ਪਰ ਸਰਕਾਰ ਕੋਲ ਇਸ ਨੂੰ ਸਮਾਪਤ ਕਰਨ ਜਾਂ ਘਟਾਉਣ ਦੀ ਸ਼ਕਤੀ ਹੋਵੇਗੀ ਜੇ ਗਰਾਂਟੀ ਬਾਅਦ ਵਿੱਚ ਉਸੇ ਆਧਾਰ ਤੇ ਭੋਂ ਗ੍ਰਾਂਟ ਜਾਂ ਹੋਰ ਇਨਾਮ ਪ੍ਰਾਪਤ ਕਰਦਾ ਹੈ ਜਿਸ ਆਧਾਰ ਤੇ ਉਸ ਨੂੰ ਯੁੱਧ ਜਾਗੀਰ ਦਿੱਤੀ ਗਈ ਸੀ:

ਪ੍ਰੰਤੂ ਇੱਕ ਪਾਤਰ ਵਿਅਕਤੀ ਨੂੰ, ਪਿਤਾ ਹੋਣ ਦੇ ਨਾਤੇ, ਦਿੱਤੀ ਗਈ ਯੁੱਧ ਜਾਗੀਰ, ਪਿਤਾ ਦੀ ਮੌਤ ਤੇ, ਮਾਤਾ ਦੇ ਜੀਵਨ ਕਾਲ ਲਈ ਧਾਰਣਯੋਗ ਹੋਵੇਗੀ।

ਯੁੱਧ ਜਾਗੀਰ ਦੇ ਉਪਭੋਗ ਉੱਤੇ ਸ਼ਰਤ ਲਾਉਣ ਦੀ ਸ਼ਕਤੀ।

5. ਸਰਕਾਰ ਕਿਸੇ ਵੀ ਜਾਂ ਸਾਰੀਆਂ ਯੁੱਧ ਜਾਗੀਰਾਂ ਦੇ ਉਪਭੋਗ ਲਈ ਅਜਿਹੀਆਂ ਸ਼ਰਤਾਂ ਲਗਾ ਸਕਦੀ ਹੈ ਜੋ ਉਹ ਉਚਿਤ ਸਮਝੇ, ਅਤੇ ਅਜਿਹੀਆਂ ਸ਼ਰਤਾਂ ਗਰਾਂਟੀ ਨੂੰ ਉਸ ਸਮੇਂ ਸੰਸੂਚਤ ਕੀਤੀਆਂ ਜਾਣਗੀਆਂ ਜਦੋਂ ਉਸ ਨੂੰ ਇਹ ਗ੍ਰਾਂਟ ਦਿੱਤੀ ਜਾਂਦੀ ਹੈ।

ਸੌਂਪੇ ਗਏ ਭੋਂ ਮਾਲੀਏ ਦਾ ਨਿਰਧਾਰਨ ਅਤੇ ਉਗਰਾਹੀ।

6. ਇਸ ਰਾਹੀਂ ਪ੍ਰਦਾਨ ਕੀਤੀ ਗਈ ਸ਼ਕਤੀ ਅਧੀਨ ਸੌਂਪਿਆ ਗਿਆ ਕੋਈ ਭੋਂ ਮਾਲੀਆ ਨਿਰਧਾਰਣ ਅਤੇ ਉਗਰਾਹੁਣ ਲਈ ਤੱਤ ਸਮੇਂ ਨਾਫ਼ਜ਼ ਕਾਨੂੰਨ ਦੁਆਰਾ ਉਪਬੰਧਤ ਕੀਤੇ ਗਏ ਤਰੀਕੇ ਨਾਲ ਨਿਰਧਾਰਤ ਕੀਤਾ ਅਤੇ ਉਗਰਾਹਿਆ ਜਾਵੇਗਾ ਜਿਵੇਂ ਕਿ ਇਸ ਨੂੰ ਇਸ ਤਰ੍ਹਾਂ ਸੌਂਪਿਆ ਨਾ ਗਿਆ ਹੋਵੇ।

ਯੁੱਧ ਜਾਗੀਰ ਨੂੰ ਕੁਰਕ ਕਰਨ ਤੋਂ ਛੋਟ।

7. ਕੋਈ ਯੁੱਧ ਜਾਗੀਰ ਗਰਾਂਟੀ ਦੇ ਵਿਰੁੱਧ ਕਿਸੇ ਲੈਣਕਾਰ ਦੇ ਬਿਨੈ ਤੇ ਜਾਂ ਕਿਸੇ ਅਦਾਲਤ ਦੀ ਡਿਗਰੀ ਜਾਂ ਹੁਕਮ ਦੀ ਤੁਸ਼ਟੀ ਵਿੱਚ ਜਾਂ ਕਿਸੇ ਅਦਾਲਤ ਦੇ ਅਮਲ ਦੁਆਰਾ ਜ਼ਬਤ, ਕੁਰਕ ਜਾਂ ਪਰਿਬੱਧ ਕਰਨ ਦੇ ਭਾਗੀ ਨਹੀਂ ਹੋਵੇਗੀ।

ਬਚਾਉ।

8. ਇਸ ਐਕਟ ਵਿੱਚ ਕੁੱਝ ਵੀ ਪੈਨਸ਼ਨ ਐਕਟ, 1871 (1871 ਦਾ ਐਕਟ 23), ਜਾਂ ਸਰਕਾਰੀ ਗ੍ਰਾਂਟਸ ਐਕਟ, 1895 (1895 ਦਾ ਐਕਟ 15) ਦੇ ਉਪਬੰਧਾਂ ਨੂੰ ਪ੍ਰਭਾਵਤ ਨਹੀਂ ਕਰੇਗਾ, ਜਿੱਥੋਂ ਤੱਕ ਕਿ ਉਹ ਯੁੱਧ ਜਾਗੀਰਾਂ ਤੇ ਲਾਗੂ ਹੁੰਦੇ ਹਨ।

ਅੰਤਿਮ ਫ਼ੈਸਲੇ ਲਈ ਸਰਕਾਰ ਨੂੰ ਭੇਜੇ ਜਾਣ ਵਾਲੇ ਸਵਾਲ।

9. ਜੇ ਇਸ ਐਕਟ ਅਧੀਨ ਕੋਈ ਸਵਾਲ ਪੈਦਾ ਹੁੰਦਾ ਹੈ–

(ੳ) ਕਿ ਕੀ ਕੋਈ ਵਿਅਕਤੀ ਪਾਤਰ ਵਿਅਕਤੀ ਹੈ ਜਾਂ ਨਹੀਂ; ਜਾਂ

(ਅ) ਕਿ ਕੀ ਕਿਸੇ ਗਰਾਂਟੀ ਨੇ ਧਾਰਾ 5 ਦੇ ਅਧੀਨ ਅਰੋਪੀ ਗਈ ਕੋਈ ਸ਼ਰਤ ਭੰਗ ਕੀਤੀ ਹੈ ਜਾਂ ਨਹੀਂ, ਅਜਿਹਾ ਸਵਾਲ ਸਰਕਾਰ ਨੂੰ ਭੇਜਿਆ ਜਾਵੇਗਾ ਜਿਸ ਦਾ ਉਸ 'ਤੇ ਫ਼ੈਸਲਾ ਅੰਤਿਮ ਅਤੇ ਨਿਰਣੇਈ ਹੋਵੇਗਾ ਅਤੇ ਕਿਸੇ ਵੀ ਅਦਾਲਤ ਵਿੱਚ ਉਜ਼ਰ ਕੀਤੇ ਜਾਣ ਦੇ ਭਾਗੀ ਨਹੀਂ ਹੋਵੇਗਾ।

ਬੀ.ਬੀ.ਐੱਸ. ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ, ਪੰਜਾਬ।

3655/3-2026/Pb. Govt. Press, S.A.S. Nagar

ਭਾਗ –1

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 5 ਮਾਰਚ, 2026

ਨੰ: 22/ਭ.ਕ./2026.– ਪੰਜਾਬ ਮੋਟਰ ਟਰਾਂਸਪੋਰਟ ਗੱਡੀ (ਟੋਲ) ਐਕਟ, 1992 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6–ਉ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

NOTIFICATION

The 5th March, 2026

No. 22/L.C./2026.- The Translation in Punjabi of the Punjab Motor Transport Vehicles (Toll) Act, 1992 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

ਪੰਜਾਬ ਮੋਟਰ ਟਰਾਂਸਪੋਰਟ ਗੱਡੀ (ਟੋਲ) ਐਕਟ, 1992

(1993 ਦਾ ਪੰਜਾਬ ਐਕਟ ਨੰ: 9)

ਪੰਜਾਬ ਰਾਜ ਦੀਆਂ ਸੀਮਾਵਾਂ ਵਿੱਚ ਦਾਖ਼ਲ ਹੋਣ ਵਾਲੀਆਂ ਕੁੱਝ ਕੁ ਮੋਟਰ ਟਰਾਂਸਪੋਰਟ ਗੱਡੀਆਂ ਤੇ ਟੋਲ ਲਗਾਉਣ ਅਤੇ ਉਗਰਾਹੀ ਕਰਨ ਲਈ ਅਤੇ ਉਸ ਦੇ ਅਨੁਸੰਗਕ ਅਤੇ ਉਸ ਨਾਲ ਤੱਲਕ ਰੱਖਦੇ ਮਾਮਲਿਆਂ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਤਰਤਾਲੀਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ–ਲਿਖੇ ਅਨੁਸਾਰ ਇਹ ਐਕਟ ਬਣੇ:–

ਸੰਖੇਪ ਨਾਂ ਅਤੇ ਅਰੰਭ।

1. (1) ਇਸ ਐਕਟ ਨੂੰ ਪੰਜਾਬ ਮੋਟਰ ਟਰਾਂਸਪੋਰਟ ਗੱਡੀ (ਟੋਲ) ਐਕਟ, 1992 ਕਿਹਾ ਜਾ ਸਕੇਗਾ।

(2) ਇਹ ਸਾਰੇ ਪੰਜਾਬ ਰਾਜ 'ਤੇ ਤੁਰੰਤ ਨਾਫ਼ਜ਼ ਹੋਵੇਗਾ।

ਪਰਿਭਾਸ਼ਾਵਾਂ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,–

(ੳ) "ਨਾਕਾ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 4 ਅਧੀਨ ਸਥਾਪਤ ਕੀਤਾ ਗਿਆ ਨਾਕਾ;

(ਅ) "ਮੋਟਰ ਟਰਾਂਸਪੋਰਟ ਗੱਡੀ" ਦਾ ਮਤਲਬ ਹੈ ਸਟੇਜ ਵਾਹਨ ਜਾਂ ਮਾਲ ਵਾਹਨ ਜਾਂ ਲੋਕ ਸੇਵਾ ਗੱਡੀ ਜਾਂ ਮੁਆਇਦੇ 'ਤੇ ਢੁਆਈ ਕਰਨ ਵਾਲੀ ਗੱਡੀ;

(ਏ) "ਸੰਚਾਲਕ" ਦਾ ਮਤਲਬ ਹੈ ਕੋਈ ਵਿਅਕਤੀ ਜਿਸ ਦਾ ਨਾਂ ਮੋਟਰ ਟਰਾਂਸਪੋਰਟ ਗੱਡੀ ਦੇ ਬਾਰੇ ਵਿੱਚ ਪਰਮਿਟ ਵਿੱਚ ਉਸ ਦੇ ਧਾਰਕ ਵਜੋਂ ਦਰਜ ਕੀਤਾ ਜਾਂਦਾ ਹੈ ਅਤੇ ਇਸ ਵਿੱਚ ਮੋਟਰ ਟਰਾਂਸਪੋਰਟ ਗੱਡੀ ਦਾ ਤੱਤ ਸਮੇਂ ਇੰਚਾਰਜ ਕੋਈ ਵਿਅਕਤੀ ਸ਼ਾਮਲ ਹੈ;

(ਸ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਹ) "ਟੋਲ" ਦਾ ਮਤਲਬ ਹੈ ਧਾਰਾ 3 ਅਧੀਨ ਲਗਾਇਆ ਗਿਆ ਟੋਲ;

(ਕ) "ਟੋਲ ਕਰ ਅਧਿਕਾਰੀ" ਦਾ ਮਤਲਬ ਹੈ ਅਜਿਹਾ ਅਧਿਕਾਰੀ ਜਿਸ ਨੂੰ ਰਾਜ ਸਰਕਾਰ, ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਲਈ ਪੂਰੇ ਪੰਜਾਬ ਰਾਜ ਜਾਂ ਉਸ ਦੇ ਕਿਸੇ ਖੇਤਰ ਜਾਂ ਖੇਤਰਾਂ ਲਈ ਟੋਲ ਕਰ ਅਧਿਕਾਰੀ ਵਜੋਂ ਨਿਯੁਕਤ ਕਰ ਸਕੇਗੀ; ਅਤੇ

(ਖ) ਸ਼ਬਦ ਅਤੇ ਪਦ ਜਿਹੜੇ ਇਸ ਐਕਟ ਵਿੱਚ ਵਰਤੇ ਗਏ ਹਨ ਅਤੇ ਪਰਿਭਾਸ਼ਤ ਨਹੀਂ ਕੀਤੇ ਗਏ ਹਨ, ਪਰ ਮੋਟਰ ਗੱਡੀ ਐਕਟ, 1988 (1988 ਦਾ ਕੇਂਦਰੀ ਐਕਟ 59) ਵਿੱਚ ਪਰਿਭਾਸ਼ਤ ਕੀਤੇ ਗਏ ਹਨ, ਉਨ੍ਹਾਂ ਦੇ ਆਪਣੇ-ਆਪਣੇ ਅਰਥ ਹੋਣਗੇ ਜੋ ਉਸ ਐਕਟ ਵਿੱਚ ਉਨ੍ਹਾਂ ਨੂੰ ਦਿੱਤੇ ਗਏ ਹਨ।

ਟੋਲ ਦੀ ਉਗਰਾਹੀ।

3. ਹਰੇਕ ਉਹ ਮੋਟਰ ਟਰਾਂਸਪੋਰਟ ਗੱਡੀ, ਜੋ ਮੋਟਰ ਗੱਡੀ ਐਕਟ, 1988 (1988 ਦਾ ਕੇਂਦਰੀ ਐਕਟ 59) ਅਧੀਨ ਪੰਜਾਬ ਰਾਜ ਤੋਂ ਬਾਹਰ ਅਧਿਕਾਰਤਾ ਰੱਖਣ ਵਾਲੀ ਕਿਸੇ ਅਥਾਰਟੀ ਦੁਆਰਾ ਜਾਰੀ ਕੀਤੇ ਪਰਮਿਟ ਅਧੀਨ ਚੱਲ ਰਹੀ ਹੈ, ਪੰਜਾਬ ਰਾਜ ਦੀਆਂ ਸੀਮਾਵਾਂ ਅੰਦਰ ਦਾਖ਼ਲ ਹੋਣ 'ਤੇ ਉਸ 'ਤੇ ਪ੍ਰਤੀ ਮੋਟਰ ਟਰਾਂਸਪੋਰਟ ਗੱਡੀ ਤਿੰਨ ਸੌ ਰੁਪਏ ਤੋਂ ਨ ਵੱਧ ਦੀ ਅਜਿਹੀ ਦਰ 'ਤੇ, ਜਿਵੇਂ ਰਾਜ ਸਰਕਾਰ ਅਧਿਸੂਚਨਾ ਦੁਆਰਾ ਉਲਿਖਤ ਕਰੇ, ਟੋਲ ਲਗਾਇਆ ਜਾਵੇਗਾ ਅਤੇ ਰਾਜ ਸਰਕਾਰ ਨੂੰ ਅਦਾ ਕੀਤਾ ਜਾਵੇਗਾ:

ਪਰੰਤੂ ਵੱਖ-ਵੱਖ ਸ਼੍ਰੇਣੀਆਂ ਦੇ ਮੋਟਰ ਟਰਾਂਸਪੋਰਟ ਗੱਡੀਆਂ ਲਈ ਵੱਖ-ਵੱਖ ਦਰਾਂ ਉਲਿਖਤ ਕੀਤੀਆਂ ਜਾ ਸਕਣਗੀਆਂ:

ਪਰੰਤੂ ਇਹ ਹੋਰ ਕਿ ਜਿੱਥੇ ਕਿਸੇ ਮੋਟਰ ਟਰਾਂਸਪੋਰਟ ਗੱਡੀ ਦੇ ਦਾਖ਼ਲੇ ਦੇ ਬਾਰੇ ਵਿੱਚ ਟੋਲ ਇੱਕ ਵਾਰ ਅਦਾ ਕੀਤਾ ਜਾ ਚੁੱਕਾ ਹੈ, ਤਾਂ ਅਜਿਹੀ ਗੱਡੀ ਦੇ ਉਸੇ ਦਿਨ ਕਿਸੇ ਵੀ ਅਗਲੇ ਦਾਖ਼ਲੇ ਲਈ ਕੋਈ ਟੋਲ ਨਹੀਂ ਲਗਾਇਆ ਜਾਵੇਗਾ।

(2) ਧਾਰਾ (1) ਦੇ ਅਧੀਨ ਅਦਾਇਗੀ ਯੋਗ ਟੋਲ ਮੋਟਰ ਟਰਾਂਸਪੋਰਟ ਗੱਡੀ ਦੇ ਸੰਚਾਲਕ ਵੱਲੋਂ ਅਦਾ ਕੀਤਾ ਜਾਵੇਗਾ।

ਨਾਕਿਆਂ ਦੀ ਸਥਾਪਨਾ।

4. ਇਸ ਐਕਟ ਦੇ ਅਧੀਨ ਲਗਾਏ ਗਏ ਟੋਲ ਦੀ ਉਗਰਾਹੀ ਦੇ ਪ੍ਰਯੋਜਨਾਂ ਲਈ, ਰਾਜ ਸਰਕਾਰ, ਅਧਿਸੂਚਨਾ ਦੁਆਰਾ, ਰਾਜ ਦੀਆਂ ਹੱਦਾਂ ਤੇ ਅਜਿਹੇ ਸਥਾਨਾਂ ਤੇ ਨਾਕੇ ਸਥਾਪਤ ਕਰੇਗੀ, ਜਿਵੇਂ ਅਧਿਸੂਚਨਾ ਵਿੱਚ ਉਲਿਖਤ ਕੀਤਾ ਜਾਵੇ।

ਟੋਲ ਅਦਾ ਕੀਤੇ ਬਿਨਾਂ ਦਾਖ਼ਲੇ ਤੇ ਪਾਬੰਦੀ।

5. (1) ਕੋਈ ਵੀ ਮੋਟਰ ਟਰਾਂਸਪੋਰਟ ਗੱਡੀ ਜਿਸ ਦੇ ਬਾਰੇ ਵਿੱਚ ਧਾਰਾ 3 ਅਧੀਨ ਗੱਡੀ ਟੋਲ ਲਗਾਉਣਯੋਗ ਹੈ, ਨੂੰ ਪੰਜਾਬ ਰਾਜ ਵਿੱਚ ਦਾਖ਼ਲ ਹੋਣ ਜਾਂ ਚੱਲਣ ਦੀ

ਆਗਿਆ ਨਹੀਂ ਹੋਵੇਗੀ, ਜਦੋਂ ਤੱਕ ਇਸ ਦੇ ਬਾਰੇ ਇਸ ਐਕਟ ਦੇ ਅਧੀਨ ਟੋਲ ਅਦਾ ਨਹੀਂ ਕਰ ਦਿੱਤਾ ਜਾਂਦਾ।

(2) ਟੋਲ ਕਰ ਅਧਿਕਾਰੀ ਨੂੰ ਉਪ-ਧਾਰਾ (1) ਦੇ ਉਪਬੰਧਾਂ ਦੀ ਉਲੰਘਣਾ ਕਰਨ ਵਾਲੀ ਅਜਿਹੀ ਮੋਟਰ ਟਰਾਂਸਪੋਰਟ ਗੱਡੀ ਦੇ ਦਾਖ਼ਲੇ ਜਾਂ ਚੱਲਣ ਨੂੰ ਰੋਕਣ ਦੀ ਸ਼ਕਤੀ ਹੋਵੇਗੀ।

6. (1) ਜਦੋਂ ਟੋਲ ਕਰ ਅਧਿਕਾਰੀ ਜਾਂ ਇਸ ਨਮਿੱਤ ਉਸ ਦੁਆਰਾ ਅਧਿਕਾਰਤ ਕਿਸੇ ਹੋਰ ਵਿਅਕਤੀ ਦੁਆਰਾ ਇਸ ਤਰ੍ਹਾਂ ਲੋੜਿਆ ਜਾਵੇ, ਤਾਂ ਮੋਟਰ ਟਰਾਂਸਪੋਰਟ ਗੱਡੀ ਦਾ ਡਰਾਈਵਰ, ਵਾਹਨ ਨੂੰ ਨਾਕੇ ਤੇ ਜਾਂ ਰਾਜ ਦੇ ਅੰਦਰ ਕਿਸੇ ਹੋਰ ਸਥਾਨ ਤੇ ਰੋਕੇਗਾ ਅਤੇ ਇਸ ਨੂੰ ਇੱਕ ਵਾਜਬ ਸਮੇਂ ਲਈ ਖੜ੍ਹਾ ਰੱਖੇਗਾ ਤਾਂ ਜੋ ਟੋਲ ਕਰ ਅਧਿਕਾਰੀ ਜਾਂ ਇਸ ਨਮਿੱਤ ਉਸ ਦੁਆਰਾ ਅਧਿਕਾਰਤ ਵਿਅਕਤੀ ਆਪਣੇ ਆਪ ਨੂੰ ਸੰਤੁਸ਼ਟ ਕਰ ਸਕੇ ਕਿ ਟੋਲ, ਜੇਕਰ ਅਦਾਇਗੀਯੋਗ ਹੈ, ਠੀਕ ਤੌਰ ਤੇ ਅਦਾ ਕੀਤਾ ਗਿਆ ਹੈ ਅਤੇ ਇਸ ਐਕਟ ਦੇ ਉਨ੍ਹਾਂ ਉਪਬੰਧਾਂ ਦੀ ਪਾਲਣਾ ਕੀਤੀ ਗਈ ਹੈ।

(2) ਜਦੋਂ ਟੋਲ ਕਰ ਅਧਿਕਾਰੀ ਜਾਂ ਉਪ-ਧਾਰਾ (1) ਅਧੀਨ ਉਸ ਦੁਆਰਾ ਅਧਿਕਾਰਤ ਵਿਅਕਤੀ ਨੂੰ, ਮੋਟਰ ਟਰਾਂਸਪੋਰਟ ਗੱਡੀ ਦੇ ਡਰਾਈਵਰ ਨੂੰ ਸੁਣਵਾਈ ਦਾ ਵਾਜਬ ਮੌਕਾ ਦੇਣ ਤੋਂ ਪਿੱਛੋਂ, ਇਹ ਵਿਸ਼ਵਾਸ ਕਰਨ ਦਾ ਕਾਰਨ ਹੋਵੇ,-

(ੳ) ਕਿ ਟੋਲ ਅਦਾ ਨਹੀਂ ਕੀਤਾ ਗਿਆ ਹੈ; ਜਾਂ

(ਅ) ਕਿ ਇਸ ਐਕਟ ਦੇ ਕਿਸੇ ਉਪਬੰਧਾਂ ਨੂੰ ਭੰਗ ਕੀਤਾ ਗਿਆ ਹੈ;

ਤਾਂ ਉਹ ਮੋਟਰ ਟਰਾਂਸਪੋਰਟ ਗੱਡੀ ਜਾਂ ਉਸ ਦੇ ਕਿਸੇ ਵੀ ਹਿੱਸੇ ਜਾਂ ਸਹਾਇਕ ਉਪਕਰਨ ਨੂੰ ਰੋਕ ਸਕੇਗਾ ਜੋ ਉਸ ਦੀ ਰਾਏ ਵਿੱਚ ਧਾਰਾ 7 ਦੇ ਅਧੀਨ ਵਸੂਲੀ ਜਾਣ ਵਾਲੀ ਵੱਧ ਤੋਂ ਵੱਧ ਡੰਨ ਦੀ ਰਕਮ ਲਈ ਕਾਫ਼ੀ ਹੋਵੇ, ਜਦੋਂ ਤੱਕ ਟੋਲ ਅਦਾ ਨਹੀਂ ਕੀਤਾ ਜਾਂਦਾ ਜਾਂ ਅਜਿਹੀ ਰਕਮ ਦੇ ਬਰਾਬਰ ਨਕਦ ਸਕਿਉਰਿਟੀ ਪ੍ਰਦਾਨ ਨਹੀਂ ਕੀਤੀ ਜਾਂਦੀ।

(3) ਉਪ-ਧਾਰਾ (2) ਦੇ ਉਪਬੰਧਾਂ ਦੇ ਨਿਬੰਧਨਾਂ ਅਨੁਸਾਰ ਹਿਰਾਸਤ ਵਿੱਚ ਲਈਆਂ ਗਈਆਂ ਚੀਜ਼ਾਂ ਜਾਂ ਪ੍ਰਦਾਨ ਕੀਤੀ ਗਈ ਸਕਿਉਰਿਟੀ, ਅਜਿਹੇ ਤਰੀਕੇ ਨਾਲ ਨਿਪਟਾਈ ਜਾਵੇਗੀ, ਜਿਵੇਂ ਮੁਕੱਰਰ ਕੀਤਾ ਜਾਵੇ।

7. ਜੇਕਰ ਟੋਲ ਕਰ ਅਧਿਕਾਰੀ ਅਜਿਹੀ ਜਾਂਚ ਕਰਨ ਤੋਂ ਪਿੱਛੋਂ ਸੰਤੁਸ਼ਟ ਹੋ ਜਾਂਦਾ ਹੈ, ਜਿਵੇਂ ਉਹ ਜ਼ਰੂਰੀ ਸਮਝੇ, ਕਿ ਕਿਸੇ ਵਿਅਕਤੀ ਨੇ ਇਸ ਐਕਟ ਦੇ ਕਿਸੇ ਉਪਬੰਧ, ਜਾਂ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਨੂੰ ਭੰਗ ਕੀਤਾ ਹੈ, ਤਾਂ ਉਹ ਹੁਕਮ ਦੇ ਸਕਦਾ ਹੈ ਕਿ ਅਜਿਹਾ ਵਿਅਕਤੀ ਉਸ ਦੁਆਰਾ ਅਦਾਇਗੀਯੋਗ ਕੀਤੇ ਜਾਣ ਵਾਲੇ ਟੋਲ, ਜੇਕਰ ਕੋਈ ਹੈ, ਤੋਂ ਇਲਾਵਾ ਡੰਨ ਵਜੋਂ ਪੰਜ ਸੌ ਰੁਪਏ ਤੋਂ ਵੱਧ ਨ ਹੋਣ ਵਾਲੀ ਰਕਮ ਅਦਾ ਕਰੇਗਾ:

ਪਰੰਤੂ ਅਜਿਹਾ ਕੋਈ ਹੁਕਮ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਅਜਿਹੇ ਵਿਅਕਤੀ ਨੂੰ ਸੁਣਵਾਈ ਦਾ ਵਾਜਬ ਮੌਕਾ ਨਾ ਦਿੱਤਾ ਗਿਆ ਹੋਵੇ।

8. ਧਾਰਾ 7 ਅਧੀਨ ਹੁਕਮ ਤੋਂ ਦੁਖਿਤ ਕੋਈ ਵਿਅਕਤੀ, ਉਸ ਨੂੰ ਅਜਿਹੇ ਹੁਕਮ ਦੇ ਸੰਸੂਚਤ ਹੋਣ ਤੋਂ ਤੀਹ ਦਿਨਾਂ ਦੇ ਅੰਦਰ, ਅਜਿਹੇ ਹੁਕਮ ਵਿਰੁੱਧ ਅਜਿਹੀ ਅਪੀਲੀ

ਅਥਾਰਟੀ ਕੋਲ ਅਪੀਲ ਕਰ ਸਕਦਾ ਹੈ ਜਿਵੇਂ ਮੁਕੱਰਰ ਕੀਤੀ ਜਾਵੇ ਅਤੇ ਅਜਿਹੀ ਅਪੀਲੀ ਅਥਾਰਟੀ ਦਾ ਹੁਕਮ ਅੰਤਿਮ ਹੋਵੇਗਾ।

ਟੋਲ ਲਗਾਉਣ, ਅਦਾਇਗੀ ਅਤੇ ਉਗਰਾਹੀ ਦਾ ਤਰੀਕਾ।

9. (1) ਇਸ ਐਕਟ ਅਧੀਨ ਟੋਲ ਅਜਿਹੇ ਤਰੀਕੇ ਨਾਲ ਲਗਾਇਆ, ਅਦਾ ਕੀਤਾ ਅਤੇ ਉਗਰਾਹਿਆ ਜਾਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

(2) ਉਪ-ਧਾਰਾ (1) ਦੇ ਉਪਬੰਧਾਂ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਇਸ ਐਕਟ ਅਧੀਨ ਵਸੂਲੀਯੋਗ ਕੋਈ ਟੋਲ, ਡੰਨ ਜਾਂ ਹੋਰ ਬਕਾਇਆ, ਜੇਕਰ ਇਸ ਦੇ ਦੇਣਯੋਗ ਹੋ ਜਾਣ ਦੇ ਪੰਦਰਾਂ ਦਿਨਾਂ ਦੇ ਅੰਦਰ ਅਦਾ ਨਹੀਂ ਕੀਤਾ ਜਾਂਦਾ ਹੈ, ਤਾਂ ਭੋਂ ਮਾਲੀਏ ਦੇ ਬਕਾਏ ਵਜੋਂ ਵਸੂਲਿਆ ਜਾ ਸਕੇਗਾ।

ਰਾਜ ਸਰਕਾਰ ਦੀ ਟੋਲ ਤੋਂ ਛੋਟ ਦੇਣ ਦੀ ਸ਼ਕਤੀ।

10. ਰਾਜ ਸਰਕਾਰ, ਅਧਿਸੂਚਨਾ ਦੁਆਰਾ, ਅਜਿਹੀਆਂ ਸ਼ਰਤਾਂ ਦੇ ਤਾਬੇ, ਜੇ ਕੋਈ ਹੋਵੇ, ਅਤੇ ਅਜਿਹੀ ਮੁੱਦਤ ਲਈ, ਜਿਵੇਂ ਅਧਿਸੂਚਨਾ ਵਿੱਚ ਉਲਿਖਤ ਕੀਤੀ ਜਾਵੇ, ਕਿਸੇ ਮੋਟਰ ਟਰਾਂਸਪੋਰਟ ਗੱਡੀ ਜਾਂ ਮੋਟਰ ਟਰਾਂਸਪੋਰਟ ਗੱਡੀਆਂ ਦੇ ਕਿਸੇ ਵਰਗ ਨੂੰ ਟੋਲ ਲਗਾਉਣ ਅਤੇ ਅਦਾਇਗੀ ਤੋਂ ਜਾਂ ਤਾਂ ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ ਤੇ ਛੋਟ ਦੇ ਸਕੇਗੀ।

ਪਰਸਪਰ ਮੁਆਇਦਾ।

11. ਇਸ ਐਕਟ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜਿੱਥੇ ਰਾਜ ਸਰਕਾਰ ਦੁਆਰਾ ਕਿਸੇ ਹੋਰ ਰਾਜ ਸਰਕਾਰ, ਜਾਂ ਕੇਂਦਰੀ ਸਰਕਾਰ ਨਾਲ ਟੋਲ ਲਗਾਉਣ, ਉਗਰਾਹੀ ਅਤੇ ਅਦਾਇਗੀ ਨਾਲ ਸਬੰਧਤ ਕੋਈ ਪਰਸਪਰ ਇਕਰਾਰਨਾਮਾ ਕੀਤਾ ਜਾਂਦਾ ਹੈ, ਤਾਂ ਉੱਥੇ ਟੋਲ ਲਗਾਉਣਾ, ਉਗਰਾਹੀ ਅਤੇ ਅਦਾਇਗੀ ਅਜਿਹੇ ਇਕਰਾਰਨਾਮੇ ਦੇ ਨਿਬੰਧਨਾਂ ਅਤੇ ਸ਼ਰਤਾਂ ਦੀ ਅਨੁਸਾਰਤਾ ਵਿੱਚ ਹੋਵੇਗੀ:

ਪਰੰਤੂ ਇਸ ਤਰ੍ਹਾਂ ਲਗਾਇਆ ਗਿਆ ਟੋਲ ਉਸ ਟੋਲ ਤੋਂ ਵੱਧ ਨਹੀਂ ਹੋਵੇਗਾ ਜੋ ਇਸ ਐਕਟ ਦੇ ਉਪਬੰਧਾਂ ਅਧੀਨ ਹੋਰ ਤਰ੍ਹਾਂ ਲਗਾਇਆ ਜਾਣਾ ਸੀ।

ਨੇਕ-ਨੀਤੀ ਨਾਲ ਕੀਤੀ ਗਈ ਕਾਰਵਾਈ ਦੀ ਹਿਫ਼ਾਜ਼ਤ।

12. ਇਸ ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਨੇਕ-ਨੀਤੀ ਨਾਲ ਕੀਤੀ ਗਈ ਜਾਂ ਤਾਤਪਰਜਿਤ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਕਿਸੇ ਵਿਅਕਤੀ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਨਿਯਮ ਬਣਾਉਣ ਦੀ ਸ਼ਕਤੀ।

13. (1) ਰਾਜ ਸਰਕਾਰ, ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸ ਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ;

ਐਪਰ ਅਜਿਹੇ ਕਿਸੇ ਰੂਪਭੇਦ ਜਾਂ ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਲੋਪ ਕੀਤੀ ਜਾਣੀ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਨਿਰਸਨ ਅਤੇ ਬਚਾਉ।

14. (1) ਪੰਜਾਬ ਮੋਟਰ ਟਰਾਂਸਪੋਰਟ ਗੱਡੀ (ਟੋਲ) ਆਰਡੀਨੈਂਸ, 1992 (1992 ਦਾ ਪੰਜਾਬ ਆਰਡੀਨੈਂਸ ਨੰ:7), ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਗਏ ਆਰਡੀਨੈਂਸ ਅਧੀਨ ਕੀਤੀ ਗਈ ਕੋਈ ਗੱਲ ਜਾਂ ਕੀਤੀ ਗਈ ਕੋਈ ਕਾਰਵਾਈ, ਇਸ ਐਕਟ ਦੇ ਉਪਬੰਧਾਂ ਅਧੀਨ ਕੀਤੀ ਗਈ ਜਾਂ ਕੀਤੀ ਜਾਣੀ ਸਮਝੀ ਜਾਵੇਗੀ।

ਬੀ.ਬੀ.ਐੱਸ. ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ, ਪੰਜਾਬ।

3655/3-2026/Pb. Govt. Press, S.A.S. Nagar